# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਛੇਵੀਂ ਮੰਜਿਲ ਬਲਾਕ-ਈ ਵਿੱਦਿਆ ਭਵਨ ਪੀ.ਐਸ.ਈ.ਬੀ. ਕੰਪਲੈਕਸ ਫੇਜ਼-8, ਐਸ.ਏ.ਐਸ.ਨਗਰ

Email : directorscert@punjabeducation.gov.in ਫੋਨ ਨੰ: 0172-2212221


ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ/ਐ.ਸਿ.)
ਪੰਜਾਬ ।

ਮੀਮੋ ਨੰ : 776613 ਮਿਤੀ: ਸ.ਅ.ਸ ਨਗਰ; 17-04-2025

ਵਿਸ਼ਾ: ਸੈਸ਼ਨ 2025-26 ਲਈ ਛੇਵੀਂ ਜਮਾਤ ਵਿੱਚ ਆਰਜ਼ੀ ਦਾਖਲੇ ਸੰਬਧੀ ।

ਉਪਰੋਕਤ ਵਿਸ਼ੇ ਸੰਬਧੀ ਹੇਠ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:

1. ਸੈਸ਼ਨ 2024-25 ਲਈ ਪੰਜਵੀਂ ਜਮਾਤ ਦਾ ਮਾਰਚ-2025 ਮੁਲਾਂਕਣ ਦਾ ਨਤੀਜਾ ਘੋਸ਼ਿਤ ਕੀਤਾ ਜਾ ਚੁੱਕਾ ਹੈ।
2. ਸੈਸ਼ਨ 2024-25 ਲਈ ਪੰਜਵੀਂ ਜਮਾਤ ਦੇ ਮਾਰਚ-2025 ਮੁਲਾਂਕਣ ਵਿੱਚ ਜੋ ਵਿਦਿਆਰਥੀ ਕਿਸੇ ਵਿਸ਼ੇ ਵਿੱਚ ਗੈਰ ਹਾਜ਼ਰ ਰਹੇ ਹਨ ਜਾਂ ਸਾਰੇ ਵਿਸ਼ਿਆਂ ਵਿੱਚ ਗੈਰ ਹਾਜ਼ਰ ਰਹੇ ਹਨ ਉਹਨਾਂ ਵਿਦਿਆਰਥੀਆਂ ਨੂੰ ਮਈ-2025 ਮੁੜਮੁਲਾਂਕਣ ਤੱਕ ਪੰਜਵੀਂ ਜਮਾਤ ਵਿੱਚ ਹੀ ਹੈੱਲਡ ਕੀਤਾ ਗਿਆ ਹੈ।
3. ਹੈੱਲਡ ਕੀਤੇ ਗਏ ਵਿਦਿਆਰਥੀ ਨੂੰ ਸੈਸ਼ਨ 2025-26 ਲਈ ਛੇਵੀਂ ਜਮਾਤ ਵਿੱਚ ਆਰਜ਼ੀ ਦਾਖਲਾ ਦੇਣਾ ਯਕੀਨੀ ਬਣਾਇਆ ਜਾਵੇ।
4. ਹੈੱਲਡ ਕੀਤਾ ਵਿਦਿਆਰਥੀ ਜੇਕਰ ਮਈ -2025 ਮੁੜ ਮੁਲਾਂਕਣ ਵਿੱਚ ਸਾਰੇ ਵਿਸ਼ਿਆਂ ਵਿੱਚ ਸੀ.ਸੀ.ਈ ਅਤੇ ਲਿਖਤੀ ਵਿੱਚ ਵੱਖਰੇ ਵੱਖਰੇ ਤੌਰ ਤੇ 33% ਅੰਕ ਲੈ ਲੈਂਦਾ ਹੈ ਤਾਂ ਉਸਨੂੰ ਛੇਵੀਂ ਜਮਾਤ ਵਿੱਚ ਪ੍ਰਮੋਟ ਕਰ ਦਿੱਤਾ ਜਾਵੇ।
5. ਸੈਸ਼ਨ 2024-25 ਲਈ ਪੰਜਵੀਂ ਜਮਾਤ ਦੇ ਮਾਰਚ-2025 ਮੁਲਾਂਕਣ ਦੌਰਾਨ ਜੇਕਰ ਕਿਸੇ ਵਿਦਿਆਰਥੀ ਦੇ ਈ ਨੰਬਰੀ ਕਾਰਡ/ਡੀ.ਐਮ.ਸੀ ਵਿੱਚ ਕਿਸੇ ਵੇਰਵੇ ਵਿੱਚ ਸੋਧ ਕਰਨੀ ਬਣਦੀ ਹੈ ਤਾਂ ਅਜਿਹੇ ਵਿਦਿਆਰਥੀ ਨੂੰ ਸੋਧ ਹੋਣ ਤੱਕ ਛੇਵੀਂ ਜਮਾਤ ਵਿੱਚ ਆਰਜ਼ੀ ਦਾਖਲਾ ਦੇਣਾ ਯਕੀਨੀ ਬਣਾਈਆ ਜਾਵੇ।
6. ਸੈਸ਼ਨ 2024-25 ਲਈ ਪੰਜਵੀਂ ਜਮਾਤ ਤੋਂ ਪ੍ਰਮੋਟ ਹੋਏ ਵਿਦਿਆਰਥੀਆਂ ਦਾ 100% ਦਾਖਲਾ ਛੇਵੀਂ ਜਮਾਤ ਵਿੱਚ ਕਰਨਾ ਯਕੀਨੀ ਬਣਾਈਆ ਜਾਵੇ।

ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ(ਪ੍ਰੀਖਿਆਵਾਂ)
ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,
ਪੰਜਾਬ ।

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ।

1. ਪੀ.ਏ ਟੂ ਡਾਇਰੈਕਟਰ. ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ।
2. ਡੀ.ਐਮ ਐਮ.ਆਈ.ਐਸ ਵਿੰਗ,ਮੁੱਖ ਦਫਤਰ,ਡਾਟਾ ।
3. ਰਾਜ ਦੇ ਸਮੂਹ ਬਲਾਕ ਪ੍ਰਾਈਮਰੀ ਸਿੱਖਿਆ ਅਫਸਰ ।
4. ਸੰਬਧਤ ਸਕੂਲ ਮੁੱਖੀ(ਸਰਕਾਰੀ/ਗੈਰ ਸਰਕਾਰੀ ।